# ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਦਾ 7ਵੇਂ ਹਿੰਦ ਮਹਾਸਾਗਰ ਸੰਮੇਲਨ ਵਿੱਚ ਸ਼ਾਮਿਲ ਹੋਣ ਵਾਸਤੇ ਪਰਥ, ਆਸਟਰੇਲੀਆ ਦਾ ਦੌਰਾ

ਫਰਵਰੀ 08, 2024

ਹਿੰਦ ਮਹਾਸਾਗਰ ਸੰਮੇਲਨ ਹਿੰਦ ਮਹਾਸਾਗਰ ਖੇਤਰ ਦੇ ਵਿੱਚ ਮੌਜੂਦ ਦੇਸ਼ਾਂ ਵਾਸਤੇ ਇੱਕ ਫਲੈਕਸ਼ੀਪ ਸਲਾਹਕਾਰ ਮੰਚ ਹੈ, ਜਿਹੜਾ ਕਿ ਵਿਦੇਸ਼ ਮੰਤਰਾਲੇ ਦੁਆਰਾ ਇੰਡੀਅਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਹਰ ਸਾਲ ਆਯੋਜਿਤ ਕੀਤਾ ਜਾਂਦਾ ਹੈ।

2. ਹਿੰਦ ਮਹਾਸਾਗਰ ਸੰਮੇਲਨ ਦਾ 7ਵਾਂ ਐਡੀਸ਼ਨ ਪਰਥ, ਆਸਟਰੇਲੀਆ ਵਿਖੇ 9-10 ਫਰਵਰੀ, 2024 ਨੂੰ ਵਿਦੇਸ਼ ਮਾਮਲਿਆ ਅਤੇ ਵਣਜ ਵਿਭਾਗ, ਆਸਟਰੇਲੀਆ ਸਰਕਾਰ, ਨਾਲ ਐਸ. ਰਾਜਰਤਨਮ ਸਕੂਲ ਆਫ ਇੰਟਰਨੈਸ਼ਨਲ ਸਟਡੀਜ, ਸਿੰਗਾਪੁਰ ਅਤੇ ਪਰਥ-ਯੂ.ਐਸ. ਏਸ਼ੀਆ ਸੈਂਟਰ ਇਨ ਆਸਟਰੇਲੀਆ ਦੇ ਸਹਿਯੋਗ ਨਾਲ ਹੋ ਰਿਹਾ ਹੈ। ਸੰਮੇਲਨ ਦੇ ਇਸ ਐਡੀਸ਼ਨ ਦੀ ਥੀਮ ਹੈ "ਇੱਕ ਸਥਿਰ ਅਤੇ ਟਿਕਾਓ ਹਿੰਦ ਮਹਾਂਸਾਗਰ ਦੀ ਤਰਫ"।

3. ਵਿਦੇਸ਼ ਮਾਮਲਿਆਂ ਦੇ ਮੰਤਰੀ ਡਾ. ਐਸ. ਜੈਸ਼ੰਕਰ, ਮਹਾਮਹਿਮ ਸ਼੍ਰੀ ਰਾਨਿਲ ਵਿਕਰਮਸਿੰਘੇ, ਸ਼੍ਰੀਲੰਕਾ ਦੇ ਰਾਸ਼ਟਰਪਤੀ, ਸੁਸ਼੍ਰੀ ਪੈਨੀ ਵੋਂਗ, ਆਸਟ੍ਰੇਲੀਆ ਦੀ ਵਿਦੇਸ਼ ਮਾਮਲਿਆਂ ਦੀ ਮੰਤਰੀ ਅਤੇ ਡਾ. ਵਿਵਿਅਨ ਬਾਲਕ੍ਰਿਸ਼ਨਨ, ਸਿੰਗਾਪੁਰ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਦੇ ਨਾਲ ਸੰਮੇਲਨ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਿਤ ਕਰਨਗੇ।

4. 7ਵਾਂ ਹਿੰਦ ਮਹਾਸਾਗਰ ਸੰਮੇਲਨ 22 ਤੋਂ ਜਿਆਦਾ ਦੇਸ਼ਾਂ ਦੇ ਮੰਤਰੀਆਂ ਦੁਆਰਾ ਅਗਵਾਈ ਕੀਤੇ ਜਾ ਰਹੇ ਵਫਦਾਂ ਅਤੇ 16 ਦੇਸ਼ਾਂ ਵੱਲੋਂ ਆਏ ਉੱਚ ਪੱਤਰ ਦੇ ਅਧਿਕਾਰੀਆਂ ਅਤੇ 6 ਬਹੁਪੱਖੀ ਸੰਗਠਨ ਨੂੰ ਵੀ ਇਕੱਠੇ ਲਿਆਵੇਗਾ। ਇਹ ਸੰਮੇਲਨ ਲਗਭਗ 40 ਦੇਸ਼ਾਂ ਤੋਂ ਆਏ 400 ਤੋਂ ਜਿਆਦਾ ਸਮਾਜਿਕ ਅਤੇ ਕਾਰਪੋਰੇਟ ਲੀਡਰਾਂ, ਨੀਤੀ ਪ੍ਰੈਕਟੀਸ਼ਨਰਾਂ, ਵਿਦਵਾਨਾਂ, ਪੇਸ਼ੇਵਰ ਵਿਅਕਤੀਆਂ ਅਤੇ ਮੀਡੀਆ ਕਰਮਚਾਰੀਆਂ ਦੇ ਭਾਗ ਲੈਣ ਦਾ ਗਵਾਹ ਬਣੇਗਾ।

5. 2016 ਵਿੱਚ ਸਿੰਗਾਪੁਰ ਵਿੱਚ ਇਸ ਦੀ ਸ਼ੁਰੂਆਤ ਤੋਂ ਬਾਅਦ, ਹਿੰਦ ਮਹਾਸਾਗਰ ਸੰਮੇਲਨ ਨੇ ਏਨ੍ਹੇ ਸਾਲਾਂ ਵਿੱਚ ਖੇਤਰ ਵਿਚ ਸਭ ਵਾਸਤੇ ਸੁਰੱਖਿਆ ਅਤੇ ਵਿਕਾਸ ਲਈ ਖੇਤਰੀ ਸਹਿਯੋਗ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕਰਨ ਵਾਸਤੇ ਖੇਤਰ ਦੇ ਮੁਲਕਾਂ ਅਤੇ ਮੁੱਖ ਸਮੁੰਦਰੀ ਸਾਂਝੇਦਾਰਾਂ ਨੂੰ ਇਕੱਠੇ ਇੱਕ ਸਾਂਝੇ ਪਲੇਟਫਾਰਮ 'ਤੇ ਲੈਕੇ ਆਉਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ (ਸਾਗਰ)।

6. ਸੰਮੇਲਨ ਦੇ ਵਧੇਰੇ ਵੇਰਵੇ ਇਸ ਲਿੰਕ ਤੇ ਵੇਖੇ ਜਾ ਸਕਦੇ ਹਨ:

https://indiafoundation.in/if_events/7th-indian-ocean-conference-2024/

**ਨਵੀਂ ਦਿੱਲੀ**
**ਫਰਵਰੀ 08, 2024**